**16ਵੀਂ ਵਿਧਾਨ ਸਭਾ** **ਪੰਜਾਬ ਵਿਧਾਨ ਸਭਾ**

**ਛੇਵਾਂ (ਬਜਟ)ਸਮਾਗਮ, 2024** **ਬੁਲੇਟਿਨ ਨੰ: 2**

**ਸੋਮਵਾਰ, 04 ਮਾਰਚ, 2024**

(11.00 ਵਜੇ ਸਵੇਰ ਤੋਂ 05.22 ਵਜੇ ਸ਼ਾਮ ਤੱਕ)

1. **ਮਾਣਯੋਗ ਸਪੀਕਰ ਵੱਲੋਂ ਪ੍ਰਸਤਾਵ**

ਮਾਣਯੋਗ ਸਪੀਕਰ ਵੱਲੋਂ ਸਦਨ ਅੱਗੇ ਇਹ ਪ੍ਰਸਤਾਵ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ:

ਅੱਜ ਦੀ ਕਾਰਜਸੂਚੀ ਵਿੱਚ ਦਰਜ ਸਾਰੀਆਂ ਆਈਟਮਜ਼ ਨੂੰ ਕੰਸਿਡਰ ਕੀਤਾ ਜਾਵੇਗਾ, ਜਿਵੇਂ ਕਿ ਪ੍ਰਸ਼ਨ ਕਾਲ, ਜ਼ੀਰੋ ਆਵਰ ਅਤੇ ਹੋਰ ਬਿਜ਼ਨਸ ਪਰ ਜੇਕਰ ਹਾਊਸ ਦੀ ਸਹਿਮਤੀ ਹੋਵੇ ਤਾਂ ਗਵਰਨਰਜ਼ ਐਡਰੈਸ ਤੇ ਬਹਿਸ ਪਹਿਲਾਂ ਕਰਵਾ ਲਈ ਜਾਵੇ।

2. **ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ**

ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਐਮ.ਐਲ.ਏ, ਵੱਲੋਂ ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ ਪੇਸ਼ ਕੀਤਾ ਗਿਆ, ਜਿਸ ਦੀ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ, ਵੱਲੋਂ ਪ੍ਰੋੜ੍ਹਤਾ ਕੀਤੀ ਗਈ:-

"ਕਿ ਇਸ ਸਮਾਗਮ ਵਿਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ, ਜੋ ਉਨ੍ਹਾਂ ਨੇ 01 ਮਾਰਚ, 2024 ਨੂੰ ਸਦਨ ਵਿਚ ਦੇਣ ਦੀ ਕ੍ਰਿਪਾਲਤਾ ਕੀਤੀ।"

ਇਸ ਉਪਰੰਤ ਨਿਮਨਲਿਖਤ ਮੈਂਬਰਾਂ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

1) ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ, ਆਮ ਆਦਮੀ ਪਾਰਟੀ 10 ਮਿੰਟ
2) ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਆਮ ਆਦਮੀ ਪਾਰਟੀ 17 ਮਿੰਟ
3) ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਐੱਨ.ਆਰ.ਆਈਜ਼ ਮਾਮਲੇ ਮੰਤਰੀ 09 ਮਿੰਟ
4) ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ , ਆਮ ਆਦਮੀ ਪਾਰਟੀ 15 ਮਿੰਟ
5) ਸਰਦਾਰ ਅਮਨਸ਼ੇਰ ਸਿੰਘ (ਸ਼ੈਰੀ ਕਲਸੀ), ਆਮ ਆਦਮੀ ਪਾਰਟੀ 15 ਮਿੰਟ
6) ਡਾ. ਨਛੱਤਰ ਪਾਲ , ਬਹੁਜਨ ਸਮਾਜ ਪਾਰਟੀ 04 ਮਿੰਟ
7) ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ 03 ਮਿੰਟ
8) ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ 23 ਮਿੰਟ
9) ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ 15 ਮਿੰਟ
10) ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ 09 ਮਿੰਟ
11) ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਆਮ ਆਦਮੀ ਪਾਰਟੀ 16 ਮਿੰਟ
12) ਡਾ. ਚਰਨਜੀਤ ਸਿੰਘ, ਆਮ ਆਦਮੀ ਪਾਰਟੀ 14 ਮਿੰਟ
13) ਸਰਦਾਰ ਜਸਵੀਰ ਸਿੰਘ ਰਾਜਾ ਗਿੱਲ, ਆਮ ਆਦਮੀ ਪਾਰਟੀ 04 ਮਿੰਟ
14) ਸਰਦਾਰ ਰੁਪਿੰਦਰ ਸਿੰਘ, ਆਮ ਆਦਮੀ ਪਾਰਟੀ 07 ਮਿੰਟ
15) ਸ਼੍ਰੀ ਸੰਦੀਪ ਜਾਖੜ, ਇੰਡੀਅਨ ਨੈਸ਼ਨਲ ਕਾਂਗਰਸ 07 ਮਿੰਟ

**16)** ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ 11 ਮਿੰਟ

ਬਹਿਸ ਦਾ ਜਵਾਬ ਦਿੰਦੇ ਹੋਏ ਮਾਣਯੋਗ ਮੁੱਖ ਮੰਤਰੀ 37 ਮਿੰਟ ਲਈ ਬੋਲੇ।

**3. ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਵੋਟ**

ਮਿਤੀ 04 ਮਾਰਚ, 2024 ਨੂੰ ਸਰਦਾਰ ਗੁਰਪ੍ਰੀਤ ਸਿੰਘ ਬਨਾਂਵਾਲੀ , ਐਮ.ਐਲ.ਏ, ਦੁਆਰਾ ਪੇਸ਼ ਕੀਤਾ ਗਿਆ ਅਤੇ ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ , ਐਮ.ਐਲ.ਏ, ਦੁਆਰਾ ਪ੍ਰੋੜ੍ਹਤਾ ਕੀਤਾ ਗਿਆ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ:-

"ਕਿ ਰਾਜਪਾਲ ਜੀ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ:-

ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 01 ਮਾਰਚ, 2024 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

**4. ਮਾਣਯੋਗ ਮੁੱਖ ਮੰਤਰੀ ਵੱਲੋਂ ਮਾਣਯੋਗ ਸਪੀਕਰ ਨੂੰ ਗਿਫਟ ਭੇਂਟ ਕਰਨਾ**

ਮਾਣਯੋਗ ਮੁੱਖ ਮੰਤਰੀ ਵੱਲੋਂ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਦੇ ਸ਼ੁਰੂ ਹੋਣ ਤੋਂ ਪਹਿਲਾਂ ਬੰਦ ਲਿਫਾਫੇ ਵਿੱਚ ਮਾਣਯੋਗ ਸਪੀਕਰ ਨੂੰ ਇੱਕ ਗਿਫਟ ਭੇਜਿਆ ਗਿਆ ਜਿਸ ਨੂੰ ਮਾਣਯੋਗ ਸਪੀਕਰ ਵੱਲੋਂ ਸਦਨ ਵਿੱਚ ਖੋਲ੍ਹਿਆ ਗਿਆ ਤੇ ਇਸ ਬੰਦ ਲਿਫਾਫੇ ਵਿੱਚ ਜਿੰਦਰਾ ਤੇ ਕੁੰਜੀ ਸਨ। ਮਾਣਯੋਗ ਮੁੱਖ ਮੰਤਰੀ ਵੱਲੋਂ ਹਾਊਸ ਨੂੰ ਦੱਸਿਆ ਗਿਆ ਕਿ ਭਾਰਤ ਦੀ ਰਾਜਨੀਤੀ ਵਿੱਚ ਇਹ ਪਹਿਲੀ ਵਾਰ ਹੋਵੇਗਾ ਕਿ ਇਸ ਤਰ੍ਹਾਂ ਦਾ ਗਿਫਟ ਕਿਸੇ ਸਦਨ ਦੇ ਨੇਤਾ ਵੱਲੋਂ ਹਾਊਸ ਦੇ ਕਸਟੋਡੀਅਨ ਨੂੰ ਦਿੱਤਾ ਗਿਆ ਹੈ ਤੇ ਇਹ ਪ੍ਰਤੀਕਾਤਮਕ ਤੌਰ ਤੇ ਇਸ ਵਾਸਤੇ ਦਿੱਤਾ ਗਿਆ ਹੈ ਕਿ ਵਿਰੋਧੀ ਪਾਰਟੀ ਦੇ ਮੈਂਬਰਾਂ ਦੇ ਹਾਊਸ ਅੰਦਰ ਆਉਣ ਵਾਲੇ ਰਸਤੇ ਤੇ ਦਰਵਾਜੇ ਦੇ ਅੰਦਰਲੇ ਪਾਸੇ ਇਹ ਜਿੰਦਰਾ ਲਗਾ ਦਿੱਤਾ ਜਾਵੇ ਜਿਹੜਾ ਇਸ ਦਾ ਪ੍ਰਤੀਕ ਹੋਵੇਗਾ ਕਿ ਵਿਰੋਧੀ ਪਾਰਟੀਆਂ ਦੇ ਮੈਂਬਰ ਰਾਜਪਾਲ ਜੀ ਦੇ ਭਾਸ਼ਣ ਤੇ ਧੰਨਵਾਦ ਪ੍ਰਸਤਾਵ ਤੇ ਬਹਿਸ ਦੌਰਾਨ ਪਹਿਲੇ ਸਮਿਆਂ ਦੀ ਤਰ੍ਹਾਂ ਬਹਿਸ ਦਾ ਜਵਾਬ ਸੁਣੇ ਬਿਨਾਂ ਹਾਊਸ ਤੋਂ ਬਾਹਰ ਨਾ ਜਾਣ।

**5. ਮਤਾ**

ਸਰਦਾਰ ਬਲਕਾਰ ਸਿੰਘ, ਸੰਸਦੀ ਮਾਮਲੇ ਮੰਤਰੀ ਵੱਲੋਂ ਹੇਠ ਲਿਖਿਆ ਮਤਾ ਸਦਨ ਵਿਚ ਪੇਸ਼ ਕੀਤਾ ਤੇ ਪ੍ਰਵਾਨ ਹੋਇਆ:-

ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 17(ੳ) ਵਿੱਚ ਦਰਜ ਹੈ ਕਿ ਕੋਈ ਵੀ ਮੈਂਬਰ, ਜਦੋਂ ਰਾਜਪਾਲ ਸਦਨ ਨੂੰ ਸੰਬੋਧਨ ਕਰ ਰਿਹਾ ਹੋਵੇ, ਭਾਸ਼ਣ ਵਿੱਚ ਵਿਘਨ ਨਹੀਂ ਪਾਵੇਗਾ ਅਤੇ ਰਾਜਪਾਲ ਦੇ ਭਾਸ਼ਣ ਤੋਂ ਤੁਰੰਤ ਪਹਿਲਾਂ, ਉਸ ਦੇ ਦੌਰਾਨ ਜਾਂ ਤੁਰੰਤ ਬਾਅਦ ਕੋਈ ਇਸ਼ਤਿਹਾਰ ਨਹੀਂ ਦਿਖਾਵੇਗਾ ਜਾਂ ਕੋਈ ਨਾਅਰਾ ਨਹੀਂ ਲਾਵੇਗਾ ਜਾਂ ਕੋਈ ਰੋਸ ਪ੍ਰਗਟ ਨਹੀਂ ਕਰੇਗਾ ਜਾਂ ਕੋਈ ਪੁਆਇੰਟ ਆਫ ਆਰਡਰ, ਵਾਦ-ਵਿਵਾਦ ਜਾਂ ਬਹਿਸ ਨਹੀਂ ਕਰੇਗਾ। ਇਨ੍ਹਾਂ ਨਿਯਮਾਂ ਵਿੱਚ ਇਹ ਵੀ ਉਪਬੰਧ ਹੈ ਕਿ ਉਕਤ ਵਰਣਿਤ ਵਿੱਚੋਂ ਕੋਈ ਵੀ ਉਲੰਘਣਾ ਕਰਨ ਨੂੰ ਸਦਨ ਦੀ ਤੌਹੀਨ ਸਮਝਿਆ ਜਾਵੇਗਾ ਅਤੇ ਉਲੰਘਣਾ ਕਰਨ ਵਾਲੇ ਮੈਂਬਰਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਮਾਣਯੋਗ ਰਾਜਪਾਲ ਜੀ ਵੱਲੋਂ 01 ਮਾਰਚ 2024 ਨੂੰ ਜਦੋਂ ਇਸ ਪਵਿੱਤਰ ਸਦਨ ਵਿੱਚ ਭਾਸ਼ਣ ਦੇਣਾ ਸ਼ੁਰੂ ਕੀਤਾ ਗਿਆ ਤਾਂ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਭਾਸ਼ਣ ਦੇਣ ਤੋਂ ਰੋਕਿਆ ਗਿਆ, ਇਸ਼ਤਿਹਾਰ ਦਿਖਾਏ ਗਏ, ਨਾਅਰੇ ਲਗਾਏ ਗਏ, ਰੋਸ ਪ੍ਰਗਟ ਕੀਤਾ ਗਿਆ, ਬਹਿਸ ਕੀਤੀ ਗਈ ਅਤੇ ਵੈੱਲ ਆਫ ਦੀ ਹਾਊਸ ਵਿੱਚ ਆ ਕੇ ਸਰਕਾਰ ਵਿਰੋਧੀ ਨਾਅਰੇ ਲਗਾਏ ਗਏ। ਇਨ੍ਹਾਂ ਮੈਂਬਰਾਂ ਵੱਲੋਂ ਸਦਨ ਵਿੱਚ ਇੰਨਾ ਰੌਲਾ-ਰੱਪਾ ਅਤੇ ਸ਼ੋਰ ਮਚਾਇਆ ਗਿਆ ਕਿ ਮਾਣਯੋਗ ਰਾਜਪਾਲ ਨੂੰ ਭਾਸ਼ਣ ਦੇਣ ਤੋਂ ਪੂਰੀ ਤਰ੍ਹਾਂ ਰੋਕਿਆ ਗਿਆ। ਮਾਣਯੋਗ ਰਾਜਪਾਲ ਵੱਲੋਂ ਵੀ ਇਸ ਦਾ ਬਹੁਤ ਬੁਰਾ ਮਨਾਇਆ ਗਿਆ ਅਤੇ ਉਨ੍ਹਾਂ ਵੱਲੋਂ ਵੀ ਵਾਰ ਵਾਰ ਮੈਂਬਰਾਂ ਨੂੰ ਇਸ ਤਰ੍ਹਾਂ ਨਾ ਕਰਨ ਲਈ ਕਿਹਾ ਗਿਆ ਅਤੇ ਇਹ ਵੀ ਬੇਨਤੀ ਕੀਤੀ ਗਈ ਕਿ ਉਨ੍ਹਾਂ ਦੇ ਭਾਸ਼ਣ ਉਪਰੰਤ ਨਿਯਮਾਂ ਅਨੁਸਾਰ ਇਸ ਤੇ ਬਹਿਸ ਕਰਨ ਸਮੇਂ ਉਹ ਆਪਣੀ ਗੱਲ ਰੱਖ ਸਕਦੇ ਹਨ ਪਰ ਮੈਂਬਰਾਂ ਵੱਲੋਂ ਲਗਾਤਾਰ ਸਦਨ ਵਿੱਚ ਸ਼ੋਰ ਮਚਾਈ ਰੱਖਿਆ ਗਿਆ। ਉਨ੍ਹਾਂ ਵੱਲੋਂ ਜਾਣ ਬੁੱਝ ਕੇ ਵਿਘਨ ਪਾਇਆ ਗਿਆ, ਜਿਸ ਦੇ ਸਿੱਟੇ ਵਜੋਂ ਮਾਣਯੋਗ ਰਾਜਪਾਲ ਨੂੰ ਆਪਣਾ ਭਾਸ਼ਣ ਵਿੱਚ ਹੀ ਛੱਡਣਾ ਪਿਆ।

ਇਸ ਲਈ ਇਹ ਸਦਨ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 01 ਮਾਰਚ,2024 ਨੂੰ ਸਦਨ ਵਿੱਚ ਹਾਜ਼ਰ ਮੈਂਬਰਾਂ ਦੇ ਇਸ ਵਿਵਹਾਰ ਦੀ ਭਰਪੂਰ ਨਿੰਦਾ ਕਰਦਾ ਹੈ। ਇਨ੍ਹਾਂ ਮੈਂਬਰਾਂ ਵੱਲੋਂ ਇਸ ਤਰ੍ਹਾਂ ਕਰਕੇ ਸਦਨ ਦੀ ਤੌਹੀਨ ਕੀਤੀ ਗਈ ਹੈ ਅਤੇ ਸਦਨ ਦੀ ਮਰਿਆਦਾ ਦੀ ਉਲੰਘਣਾ ਕੀਤੀ ਗਈ ਹੈ। ਇਸ ਲਈ ਸ਼੍ਰੀ ਸੰਦੀਪ ਜਾਖੜ ਨੂੰ ਛੱਡ ਕੇ ਇੰਡੀਅਨ ਨੈਂਸ਼ਨਲ ਕਾਂਗਰਸ ਦੇ ਮਿਤੀ 01 ਮਾਰਚ, 2024 ਨੂੰ ਮਾਣਯੋਗ ਰਾਜਪਾਲ ਜੀ ਦੇ ਭਾਸ਼ਣ ਦੌਰਾਨ ਹਾਜ਼ਰ ਮੈਂਬਰਾਂ ਵੱਲੋਂ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 17(ੳ) ਦੀ ਉਲੰਘਣਾ ਕਰਨ ਕਾਰਨ ਉਨ੍ਹਾਂ ਵਿਰੁੱਧ ਮਾਣਯੋਗ ਸਪੀਕਰ ਵੱਲੋਂ ਸਖਤ ਕਾਰਵਾਈ ਕੀਤੀ ਜਾਵੇ ਅਤੇ ਇਹ ਮਾਮਲਾ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਸੌਂਪਿਆ ਜਾਵੇ।

**6.** **<u>ਉਕਤ ਮਤੇ ਦੀ ਪ੍ਰਵਾਨਗੀ ਉਪਰੰਤ ਮਾਣਯੋਗ ਸਪੀਕਰ ਦੁਆਰਾ ਨਿਮਨ ਅਨੁਸਾਰ ਪ੍ਰੇਖਣ</u>**

ਉਕਤ ਮਤੇ ਦੀ ਪ੍ਰਵਾਨਗੀ ਉਪਰੰਤ ਮਾਣਯੋਗ ਸਪੀਕਰ ਦੁਆਰਾ , ਇਹ ਪ੍ਰੇਖਣ ਕੀਤਾ ਗਿਆ ਕਿ "ਇਹ ਬੜਾ ਸੰਗੀਨ ਮਸਲਾ ਹੈ ਜਿਹੜਾ ਪ੍ਰਸਤਾਵ ਅੱਜ ਹਾਊਸ ਨੇ ਪਾਸ ਕੀਤਾ ਹੈ। ਹਾਊਸ ਦੀ ਮਰਿਆਦਾ ਨੂੰ ਬਣਾ ਕੇ ਰੱਖਣ ਦਾ ਦਾਇਤਵ ਹਰੇਕ ਮੈਂਬਰ ਦਾ ਹੈ ਨਾ ਤਾਂ ਉਹ ਇਕੱਲੇ ਸੱਤਾ ਪੱਖ ਦਾ ਹੈ, ਨਾ ਹੀ ਇਕੱਲੇ ਵਿਰੋਧੀ ਧਿਰ ਦਾ ਹੈ। ਇਸ ਲਈ ਸਾਰੇ ਮੈਂਬਰ ਸਾਹਿਬਾਨ ਨੂੰ ਚਾਹੀਦਾ ਹੈ ਕਿ ਹਾਊਸ ਦੀ ਮਰਿਆਦਾ ਨੂੰ ਬਣਾ ਕੇ ਰੱਖਿਆ ਜਾਵੇ। ਸੋ, ਮੈਂ ਇਸ ਮਤੇ ਦੇ ਉਪਰ ਕਾਰਵਾਈ ਕਰਦਿਆਂ ਹੋਇਆਂ ਅਤੇ ਸਾਰੇ ਸਬੰਧਿਤ ਮੈਂਬਰਜ਼ ਦੇ ਮਿਸਕੰਡਕਟ ਦਾ ਨੋਟਿਸ ਲੈਂਦਿਆਂ ਹੋਇਆਂ, ਇਸ ਮਸਲੇ ਨੂੰ ਪੰਜਾਬ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਪਾਸ ਘੋਖ-ਪੜਤਾਲ ਕਰਕੇ ਰਿਪੋਰਟ ਦੇਣ ਲਈ ਭੇਜਦਾ ਹਾਂ।"

**7.** **<u>ਮਾਣਯੋਗ ਸਪੀਕਰ ਦੁਆਰਾ ਪ੍ਰੇਖਣ</u>**

ਮਾਣਯੋਗ ਸਪੀਕਰ ਦੁਆਰਾ ਪ੍ਰੇਖਣ ਕੀਤਾ ਗਿਆ ਕਿ "ਇੱਕ ਦੂਜੇ ਦੀ ਇੱਜ਼ਤ ਕਰਨਾ ਸਾਡਾ ਫਰਜ਼ ਹੈ। ਬਦ-ਜ਼ੁਬਾਨੀ ਜੇਕਰ ਅਸੀਂ ਕਰਾਂਗੇ ਤਾਂ ਆਪਣੇ ਸੰਸਕਾਰਾਂ ਦਾ ਹੀ ਮੁਜ਼ਾਹਰਾ ਕਰਾਂਗੇ। ਸੋ, ਮੈਂ ਵਾਰ ਵਾਰ ਇਹ ਬੇਨਤੀ ਕਰਾਂਗਾ ਕਿ ਬਦ-ਜ਼ੁਬਾਨੀ ਤੋਂ ਪਰਹੇਜ਼ ਕੀਤਾ ਜਾਵੇ। ਤਵਾਜ਼ਨ ਠੀਕ ਰੱਖੀਏ ਅਤੇ ਆਪਣੀ ਜ਼ੁਬਾਨ ਆਪਣੇ ਕੰਟਰੋਲ ਵਿੱਚ ਰੱਖੀਏ ਤਾਂ ਹੀ ਸ਼ਾਇਦ ਲੋਕਾਂ ਦੀਆਂ ਆਸ਼ਾਵਾਂ ਤੇ ਖਰਾ ਉਤਰ ਸਕਾਂਗੇ । ਸਾਨੂੰ ਲੋਕਾਂ ਨੇ ਇੱਥੇ ਬਦ-ਜ਼ੁਬਾਨੀ ਕਰਨ ਨਹੀਂ ਭੇਜਿਆ।"

**8. <u>ਸਦਨ ਦਾ ਸਮਾਂ ਵਧਾਉਣ ਸਬੰਧੀ</u>**

ਮਾਣਯੋਗ ਡਿਪਟੀ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਅੱਜ ਦੀ ਬੈਠਕ ਦਾ ਸਮਾਂ ਅੱਜ ਦੀ ਕਾਰਜਸੂਚੀ ਵਿੱਚ ਦਰਜ ਕੰਮਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

**9. <u>ਮਾਣਯੋਗ ਡਿਪਟੀ ਸਪੀਕਰ ਵੱਲੋਂ ਰੂਲਿੰਗ</u>**

ਮਾਣਯੋਗ ਡਿਪਟੀ ਸਪੀਕਰ ਵੱਲੋਂ ਵਿਰੋਧੀ ਧਿਰ ਦੇ ਮੈਂਬਰਾਂ ਵੱਲੋਂ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ ਦਾ ਮਾਮਲੇ ਉਠਾਉਣ ਤੇ ਉਨ੍ਹਾਂ ਦਾ ਧਿਆਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 253 ਵੱਲ ਦਿਵਾਇਆ।

**10. <u>ਵਾਕ ਆਊਟ</u>**

ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਮਾਣਯੋਗ ਮੁੱਖ ਮੰਤਰੀ ਵੱਲੋਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ੍ਰੀ ਸੁਖਵਿੰਦਰ ਸਿੰਘ ਕੋਟਲੀ ਪ੍ਰਤੀ ਵਰਤੇ ਗਏ ਸ਼ਬਦਾਂ ਦਾ ਮਾਮਲਾ ਸਦਨ ਵਿੱਚ ਉਠਾਉਣ ਲਈ ਵਿਰੋਧੀ ਧਿਰ ਦੇ ਨੇਤਾ ਨੂੰ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ-ਆਊਟ ਕਰ ਗਏ।

**11. <u>ਪ੍ਰਸ਼ਨ</u>**

**(ੳ) ਨਿਸ਼ਾਨ ਵਾਲੇ ਪ੍ਰਸ਼ਨ :**

| ਕ੍ਰਮ ਪੱਤਰ ਤੇ ਕੁੱਲ ਪ੍ਰਸ਼ਨ | ਉੱਤਰ ਦਿੱਤੇ ਗਏ | ਪੁੱਛੇ ਨਾ ਗਏ | ਮੁਲਤਵੀ ਕੀਤੇ ਗਏ | ਨਿਯਮ 38 ਅਧੀਨ ਉੱਤਰ ਦਿੱਤੇ ਗਏ | ਅਨੁਪੂਰਕਾਂ ਦੀ ਗ ਦੀ ਗਿਣਤੀ |
|---|---|---|---|---|---|
| 20 | 14 | 5 | 1 | - | 21 |

**(ਅ) ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ : 18**

**12. <u>ਮਾਣਯੋਗ ਸਪੀਕਰ ਦੁਆਰਾ ਸਭਾਪਤੀ ਨਾਮਾਂਵਲੀ ਸਬੰਧੀ ਐਲਾਨ</u>**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾ ਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:-

1. ਸ੍ਰੀ ਬੁੱਧ ਰਾਮ, ਐਮ.ਐਲ.ਏ;
2. ਸਰਦਾਰ ਪਰਗਟ ਸਿੰਘ ਪੋਆਰ, ਐਮ.ਐਲ.ਏ;
3. ਸ੍ਰੀਮਤੀ ਇੰਦਰਜੀਤ ਕੌਰ ਮਾਨ, ਐਮ.ਐਲ.ਏ;
4. ਡਾ. ਸੁਖਵਿੰਦਰ ਕੁਮਾਰ ਸੁੱਖੀ, ਐਮ.ਐਲ.ਏ;

**13. <u>ਸਕੱਤਰ ਦੁਆਰਾ ਐਲਾਨ</u>**

ਸਕੱਤਰ ਵੱਲੋਂ 16ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਤੀਜੇ, ਚੌਥੇ (ਬਜਟ) ਅਤੇ ਪੰਜਵੇਂ ਸਮਾਗਮਾਂ ਦੌਰਾਨ ਪਾਸ ਕੀਤੇ ਗਏ ਬਿਲਾਂ , ਜਿਨ੍ਹਾਂ ਤੇ ਮਾਣਯੋਗ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਿਆ ਗਿਆ।

**14. ਧਿਆਨ ਦਿਵਾਊ ਨੋਟਿਸ**

1. ਸ. ਦਵਿੰਦਰਜੀਤ ਸਿੰਘ ਲਾਡੀ ਢੋਸ, ਐਮ.ਐੱਲ.ਏ ਵੱਲੋਂ ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਦਾ ਧਿਆਨ ਰਾਜ ਵਿੱਚ ਸੜਕਾਂ ਦੇ ਲੈਵਲ ਨੂੰ ਉੱਚਾ ਚੁੱਕਣ ਲਈ ਅਪਣਾਏ ਜਾ ਰਹੇ ਗਲਤ ਤਰੀਕੇ ਵੱਲ ਦਿਵਾਇਆ ਗਿਆ। (ਨੰ:2)

ਲੋਕ ਨਿਰਮਾਣ (ਭਵਨ ਅਤੇ ਮਾਰਗ) ਮੰਤਰੀ ਵੱਲੋਂ ਜਵਾਬ ਦਿੱਤਾ ਗਿਆ।

**15. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ ਮਿਤੀ 04.03.2024 ਤੋਂ 15.03.2024 ਤੱਕ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਸੰਸਦੀ ਮਾਮਲੇ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਸਰਵਸੰਮਤੀ ਨਾਲ ਪ੍ਰਵਾਨ ਹੋਇਆ:-

"ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

**16. ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਬੈਠਕ 11.26 ਵਜੇ ਪੂਰਵ ਦੁਪਹਿਰ ਤੋਂ 11.41 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਕੀਤੀ ਗਈ।

ਮਾਣਯੋਗ ਡਿਪਟੀ ਸਪੀਕਰ ਨੇ 12:52 ਵਜੇ ਤੋਂ 01.04 ਵਜੇ ਤੱਕ, 02.36 ਵਜੇ ਤੋਂ 03.38 ਵਜੇ ਤੱਕ ਅਤੇ 05.15 ਵਜੇ ਤੋਂ 05.21 ਵਜੇ ਤੱਕ ਸਦਨ ਦੀ ਕੁਰਸੀ ਸੰਭਾਲੀ।

ਇਸ ਉਪਰੰਤ, ਸਦਨ ਮੰਗਲਵਾਰ ਮਿਤੀ 05 ਮਾਰਚ, 2024 ਨੂੰ 10.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।

**ਚੰਡੀਗੜ੍ਹ:** **ਰਾਮ ਲੋਕ ਖਟਾਣਾ,**

**04 ਮਾਰਚ, 2024** **ਸਕੱਤਰ।**